ਯੂ.ਐਸ. ਹੈਲਥ ਰਿਸੋਰਸਜ਼ ਐਂਡ ਸਰਵਿਸਿਜ਼ ਐਡਮਿਨਿਸਟ੍ਰੇਸ਼ਨ ਨੂੰ ਅਰਜ਼ੀ



# ਜੱਚਾ ਅਤੇ ਬੱਚਾ ਸਿਹਤ ਬਲੌਕ ਗ੍ਰਾਂਟ

**2025 ਦੀ ਅਰਜ਼ੀ ਅਤੇ**

**2023 ਦੀ ਰਿਪੋਰਟ**

Washington State Department of HEALTH

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।

**ਪਰਕਾਸ਼ਨ ਨੰਬਰ**

**950-182 Punjabi July 2024**

ਹੋਰ ਜਾਣਕਾਰੀ ਜਾਂ ਇਸ ਰਿਪੋਰਟ ਦ ਿਆਂਧੂ ਕਾਪ ਿਅਲਈ:


Division of Prevention and Community Health (ਰੋਕਥਾਮ ਅਤੇ ਭਾਈਚਾਰਕ ਸਿਹਤ ਸਿ਼ਿਜਨ)

Office of Family and Community Health Improvement (ਪਸਰ ਾਰ ਅਤੇ ਭਾਈਚਾਰਕ ਸਿਹਤ ਧ਼ਿਾਰ ਦਫ਼ਤਰ)

PO Box 47855

Olympia, Washington 98004-7855

360-236-4501

800-525-0127 (fax)

MCHBGPublicComment@doh.wa.gov


Umair Shah, MD, MPH

ਸਿਹਤ ਸਕੱਤਰ

### III.A.1. ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ

Department of Health (ਸਿਹਤ ਵਿਭਾਗ) ਵਾਸ਼ਿੰਗਟਨ ਰਾਜ ਵਿੱਚ ਸਾਰੇ ਲੋਕਾਂ ਦੀ ਸਿਹਤ ਦੀ ਰੱਖਿਆ ਕਰਨਅਤੇ ਉਸ ਵਿੱਚ ਸੁਧਾਰ ਕਰਨ ਲਈ ਦੂਜਿਆਂ ਨਾਲ ਮਿਲਕੇ ਕੰਮ ਕਰਦਾ ਹੈ। ਇਹ ਸਾਡੇ ਮਿਸ਼ਨ ਦੀ ਸਟੇਟਮੈਂਟ ਹੈ। ਸਾਡਾ ਦ੍ਰਿਸ਼ਟੀਕੋਣ ਸਾਰਿਆਂ ਨੂੰ ਇਕ-ਸਮਾਨ ਅਤੇ ਸਰਵੋਤਮ ਸਿਹਤ ਪ੍ਰਦਾਨ ਕਰਨਾ ਹੈ। ਸਾਡੀਆਂ ਸੇਵਾਵਾਂ ਅਤੇ ਪ੍ਰੋਗਰਾਮ, ਬਿਮਾਰੀਆਂ ਅਤੇ ਸੱਟਾਂ ਨੂੰ ਰੋਕਣ ਵਿੱਚ ਭੂਮਿਕਾ ਨਿਭਾਉਂਦੇ ਹਨ, ਸਿਹਤਮੰਦ ਥਾਵਾਂ 'ਤੇ ਰਹਿਣ ਅਤੇ ਕੰਮ ਕਰਨ ਨੂੰ ਵਧਾਵਾ ਦਿੰਦੇ ਹਨ, ਲੋਕਾਂ ਨੂੰ ਸਿਹਤਮੰਦ ਚੋਣ ਕਰਨ ਵਿੱਚ ਮਦਦ ਕਰਨ ਲਈ ਜਾਣਕਾਰੀ ਪ੍ਰਦਾਨ ਕਰਦੇ ਹਨ, ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਸਾਡਾ ਰਾਜ ਐਮਰਜੈਂਸੀ ਲਈ ਤਿਆਰ ਹੈ। ਇਹ ਕੰਮ ਕਰਨ ਲਈ ਅਸੀਂ ਰੋਜ਼ਾਨਾ ਕਈ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੇ ਹਾਂ। ਅਸੀਂ ਆਪਣੇ ਸਾਰੇ ਯਤਨਾਂ ਰਾਹੀਂ ਭਾਈਚਾਰਕ ਲੀਡਰਸ਼ਿਪ ਅਤੇ ਉਹਨਾਂ ਦੀ ਆਵਾਜ਼ ਨੂੰ ਕੇਂਦਰ ਵਿੱਚ ਲਿਆਉਣ ਲਈ ਵੀ ਕੰਮ ਕਰ ਰਹੇ ਹਾਂ।

ਰਾਜ ਦਾ ਟਾਈਟਲ V Maternal and Child Health program (MCH, ਜੱਚਾ ਅਤੇ ਬੱਚਾ ਸਿਹਤ ਪ੍ਰੋਗਰਾਮ), Department of Health (DOH) ਦੇ Office of Family and Community Health Improvement in the Prevention and Community Health Division (ਰੋਕਥਾਮ ਅਤੇ ਭਾਈਚਾਰਕ ਸਿਹਤ ਡਿਵੀਜ਼ਨ ਵਿੱਚ ਪਰਿਵਾਰ ਅਤੇ ਭਾਈਚਾਰਕ ਸਿਹਤ ਸੁਧਾਰ ਦਫ਼ਤਰ) ਦਾ ਹਿੱਸਾ ਹੈ।

MCH Block Grant (MCHNG) ਰਾਜ ਨੂੰ ਅਜਿਹੀਆਂ ਨੀਤੀਆਂ ਅਤੇ ਪ੍ਰੋਗਰਾਮ ਲਾਗੂ ਕਰਨ ਲਈ ਜ਼ਰੂਰੀ ਵਿੱਤੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਦੀ ਹੈ ਜੋ ਮਾਪਿਆਂ, ਨਵਜਾਤਾਂ, ਬੱਚਿਆਂ ਅਤੇ ਨੌਜਵਾਨਾਂ ਦੀ ਤੰਦਰੁਸਤੀ ਵਿੱਚ ਸੁਧਾਰ ਕਰਦੇ ਹਨ, ਜਿਸ ਵਿੱਚ ਵਿਸ਼ੇਸ਼ ਸਿਹਤ ਦੇਖਭਾਲ ਲੋੜਾਂ ਵਾਲੇ ਬੱਚੇ ਅਤੇ ਨੌਜਵਾਨ (CYSHCN) ਅਤੇ ਉਹਨਾਂ ਦੇ ਪਰਿਵਾਰ ਸ਼ਾਮਲ ਹਨ। MCHBG, ਰਾਜ ਅਤੇ ਸਥਾਨਕ ਜਨਤਕ ਸਿਹਤ ਦੀਆਂ ਯੋਗਤਾਵਾਂ ਵਿੱਚ ਬੁਨਿਆਦੀ ਜਨਤਕ ਸਿਹਤ ਸੇਵਾਵਾਂ ਦੀ ਸਹੂਲਤ ਨੂੰ ਵੀ ਸ਼ਾਮਲ ਕਰਦਾ ਹੈ, ਜੋ ਕਿ ਹਰ ਭਾਈਚਾਰੇ ਲਈ ਸਿਹਤ ਪ੍ਰਣਾਲੀ ਨੂੰ ਕਿਸੇ ਵੀ ਥਾਂ 'ਤੇ ਚਲਾਉਣ ਲਈ ਜ਼ਰੂਰੀ ਸਮਰੱਥਾਵਾਂ ਅਤੇ ਪ੍ਰੋਗਰਾਮ ਹਨ। ਕਿਉਂਕਿ ਇਹ ਗ੍ਰਾਂਟ ਪ੍ਰੋਗਰਾਮ ਮੁੱਖ ਤੌਰ 'ਤੇ ਘੱਟ ਆਮਦਨ ਵਾਲੇ ਜਾਂ ਸਿਹਤ ਸੇਵਾਵਾਂ ਤੱਕ ਸੀਮਤ ਪਹੁੰਚ ਪ੍ਰਾਪਤ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਬਣਾਇਆ ਗਿਆ ਹੈ, ਇਹ ਸਿਹਤ ਸਮਾਨਤਾ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਰਾਜ ਦੇ ਕੰਮ ਦਾ ਸਮਰਥਨ ਕਰਦਾ ਹੈ।

ਸਾਡਾ ਟਾਈਟਲ V ਕਾਰਜ, ਨਿਆਂ ਦੇ ਮੁੱਦਿਆਂ ਵੱਲ ਧਿਆਨ ਦਿੰਦਾ ਹੈ, ਸੇਵਾ ਤੋਂ ਵਿਹੂਣੇ ਤਬਕਿਆਂ ਅਤੇ ਤੰਗੀ ਤੋਂ ਗੁਜ਼ਰ ਰਹੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਨਾਲ ਅਸੀਂ ਭਾਈਚਾਰੇ ਦੁਆਰਾ ਸੰਚਾਲਿਤ ਹੱਲਾਂ ਦਾ ਸਮਰਥਨ ਕਰਕੇ ਅਤੇ ਅਸਮਾਨਤਾਵਾਂ ਨਾਲ ਜੁੜੇ ਸਿਸਟਮ ਸੁਧਾਰਾਂ ਨੂੰ ਲੋੜ ਅਨੁਸਾਰ ਵਿਵਸਥਿਤ ਕਰਕੇ, ਸਿਹਤ ਸਮਾਨਤਾ ਨੂੰ ਵਧਾਉਣ ਲਈ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਹੋਏ ਹਾਂ। ਇਸ ਵਿੱਚ ਪੂਰੇ ਰਾਜ ਦੇ 29 ਸੰਘੀ ਮਾਨਤਾ ਪ੍ਰਾਪਤ ਕਬੀਲਿਆਂ ਅਤੇ ਕਬੀਲਿਆਂ ਨੂੰ ਸੇਵਾ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨਾਲ ਸਾਡੀ ਭਾਈਵਾਲੀ ਨੂੰ ਮਜ਼ਬੂਤ ਬਣਾਉਣ ਦਾ ਯਤਨ ਕਰਨਾ ਸ਼ਾਮਲ ਹੈ। ਅਸੀਂ ਅਜਿਹੀਆਂ ਗਲਤੀਆਂ ਦੀ ਵੀ ਪਛਾਣ ਕਰ ਰਹੇ ਹਾਂ ਜਿੱਥੇ ਸੇਵਾਵਾਂ ਵੱਧ ਉਪਲਬਧ ਹਨ, ਪਰ ਉਹਨਾਂ ਦੀ ਮੰਗ ਘੱਟ ਹੈ, ਜਿਵੇਂ ਕਿ ਪੇਂਡੂ ਖੇਤਰਾਂ ਵਿੱਚ ਜਣੇਪੇ ਅਤੇ ਜੈਨੇਟਿਕ ਸੰਬੰਧੀ ਸੇਵਾਵਾਂ ਅਤੇ ਅਸੀਂ ਇਹਨਾਂ ਖੇਤਰਾਂ ਵਿੱਚ ਬਿਹਤਰ ਸੇਵਾ ਦੇਣ ਲਈ ਪ੍ਰਦਾਤਾਵਾਂ ਨਾਲ ਇਕਰਾਰਨਾਮੇ ਕਰਦੇ ਹਾਂ।

ਸਾਡੇ ਸਾਰੇ MCHBG ਕਾਰਜ ਰਾਜ ਦੀਆਂ ਮੁੱਖ ਤਰਜੀਹਾਂ ਨਾਲ ਸੰਬੰਧਿਤ ਹਨ। ਵਾਸ਼ਿੰਗਟਨ ਨੇ ਪਤਝੜ 2018 ਅਤੇ ਬਸੰਤ 2020 ਦੇ ਵਿਚਕਾਰ ਲੋੜਾਂ ਦਾ ਮੁਲਾਂਕਣ ਕਰਵਾਇਆ ਸੀ, ਤਾਂ ਜੋ ਪੰਜ ਸਾਲਾਂ ਦੀ ਮਿਆਦ ਵਿੱਚ MCHBG ਦੇ ਕੰਮ ਲਈ ਜੱਚੇ ਅਤੇ ਬੱਚੇ ਦੀਆਂ ਸਿਹਤ ਸੇਵਾਵਾਂ ਸੰਬੰਧੀ ਤਰਜੀਹੀ ਲੋੜਾਂ ਦੀ ਪਛਾਣ ਕੀਤੀ ਜਾਵੇ ਅਤੇ ਉਦੇਸ਼ਾਂ ਅਤੇ ਰਣਨੀਤੀਆਂ ਤੋਂ ਜਾਣੂ ਹੋਇਆ ਜਾਵੇ।

ਅਸੀਂ ਆਪਣੇ ਕੰਮ ਦੇ ਆਧਾਰ ਵਜੋਂ **ਚਾਰ ਮੁੱਖ ਸਿਧਾਂਤਾਂ** ਦੀ ਪਛਾਣ ਕੀਤੀ ਹੈ:

- ਸਾਰੇ ਲੋਕਾਂ ਨੂੰ ਪ੍ਰਫੁੱਲਤ ਹੋਣ ਦਾ ਅਤੇ ਸਭ ਤੋਂ ਉੱਚੇ ਪੱਧਰ ਦੀ ਸਿਹਤ ਅਤੇ ਤੰਦਰੁਸਤੀ ਹਾਸਲ ਕਰਨ ਦਾ ਹੱਕ ਹੈ। ਜਨਤਕ ਸਿਹਤ ਦੇ ਪੇਸ਼ੇਵਰਾਂ ਦੀ ਮੁੱਖ ਜ਼ਿੰਮੇਵਾਰੀ ਇਹ ਹੈ ਕਿ ਉਹ ਉਹਨਾਂ ਪ੍ਰਣਾਲੀਆਂ ਵਿੱਚ ਸੁਧਾਰ ਕਰਨ ਜੋ ਪਰਿਵਾਰਾਂ ਅਤੇ ਬੱਚਿਆਂ ਨੂੰ ਵਧੇਰੇ

ਸਮਾਨਤਾ ਨਾਲ ਸੇਵਾ ਪ੍ਰਦਾਨ ਕਰਦੀਆਂ ਹਨ। ਅਸੀਂ ਇਸ ਜ਼ਿੰਮੇਵਾਰੀ ਨੂੰ ਸਾਡੇ ਜੱਚੇ ਅਤੇ ਬੱਚੇ ਦੇ ਸਿਹਤ ਕਾਰਜ ਵਿੱਚ ਨਿਭਾਉਂਦੇ ਹਾਂ। ਅਸੀਂ ਆਪਣੇ ਪ੍ਰੋਗਰਾਮਾਂ ਅਤੇ ਨੀਤੀਆਂ ਵਿੱਚ ਨਸਲਵਾਦ ਵਿਰੋਧੀ ਹੋਣ ਲਈ ਵਚਨਬੱਧ ਹਾਂ।

- ਅਸੀਂ ਸਬੂਤ-ਆਧਾਰਿਤ ਅਤੇ ਭਾਈਚਾਰੇ ਵੱਲੋਂ ਵਿਕਸਿਤ, ਦੋਵੇਂ ਵਚਨਬੱਧ ਅਭਿਆਸਾਂ ਦੀ ਕਦਰ ਕਰਦੇ ਹਾਂ। ਇਹ ਅਭਿਆਸ ਯਕੀਨੀ ਬਣਾਉਂਦੇ ਹਨ ਕਿ ਸਾਡੀਆਂ ਸਿਹਤ ਪ੍ਰਣਾਲੀਆਂ ਹਰ ਕਿਸੇ ਦੀ ਸੇਵਾ ਕਰਨ, ਖਾਸ ਤੌਰ 'ਤੇ ਉਹਨਾਂ ਲੋਕਾਂ ਦੀ ਜਿਹਨਾਂ ਦੀ ਸਾਡਾ ਸਮਾਜ ਕਦਰ ਨਹੀਂ ਕਰਦਾ। ਅਸੀਂ ਉਹਨਾਂ ਤਰੀਕਿਆਂ ਨਾਲ ਕੰਮ ਕਰਦੇ ਹਾਂ ਜਿਸ ਵਿੱਚ ਸੱਭਿਆਚਾਰਕ ਨਿਮਰਤਾ ਅਤੇ ਅਨੁਕੂਲਤਾ ਨੂੰ ਮਹੱਤਵ ਦਿੱਤਾ ਜਾਂਦਾ ਹੈ।
- ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਸਾਡੇ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਸਦਮੇ ਨਾਲ ਸੰਬੰਧਿਤ ਦੇਖਭਾਲ ਨੂੰ ਸ਼ਾਮਲ ਕੀਤਾ ਜਾਵੇ।
- ਸਾਨੂੰ ਸਾਰੇ ਪ੍ਰੋਗਰਾਮਾਂ 'ਤੇ COVID-19 ਦੇ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਜਾਰੀ ਰੱਖਣਾ ਪਵੇਗਾ ਅਤੇ ਇਸਨੂੰ ਲੋੜ ਅਨੁਸਾਰ ਵਿਵਸਥਿਤ ਕਰਨਾ ਪਵੇਗਾ। ਸਾਨੂੰ ਨਸਲੀ ਅਤੇ ਨਸਲੀ ਸਮਾਨਤਾ ਨਾਲ ਜੁੜੀਆਂ ਸਾਡੀਆਂ ਕਦਰਾਂ-ਕੀਮਤਾਂ ਅਤੇ ਉਦੇਸ਼ਾਂ 'ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਅਜਿਹਾ ਕਰਨਾ ਚਾਹੀਦਾ ਹੈ।

**ਮੁੱਖ ਤਰਜੀਹੀ ਲੋੜਾਂ** ਜਿਹਨਾਂ ਦੀ ਅਸੀਂ ਮੁਲਾਂਕਣ ਵਿੱਚ ਪਛਾਣ ਕੀਤੀ ਹੈ ਅਤੇ ਜਿਹਨਾਂ 'ਤੇ ਅਸੀਂ ਆਪਣੇ ਕੰਮ ਨੂੰ ਕੇਂਦਰਿਤ ਕੀਤਾ ਹੈ ਉਹ ਹਨ:

- ਪੂਰੇ ਰਾਜ ਵਿੱਚ ਔਰਤਾਂ ਅਤੇ ਬੱਚਿਆਂ ਦੀਆਂ ਲੋੜਾਂ ਨੂੰ ਰਣਨੀਤਕ ਤੌਰ 'ਤੇ ਪਛਾਣਨ ਲਈ, ਯੋਜਨਾ ਬਣਾਉਣ ਲਈ ਅਤੇ ਉਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਸਥਾਨਕ ਜਨਤਕ ਸਿਹਤ ਕਰਮਚਾਰੀਆਂ ਦੀ ਗਿਣਤੀ ਨੂੰ ਵਧਾਉਣਾ।
- ਜੀਵਨ ਭਰ ਲੋਕਾਂ ਦੀ ਸਿਹਤ ਵਿੱਚ ਸੁਧਾਰ ਕਰਨ ਲਈ ਰੋਗ ਨਿਵਾਰਕ ਦੇਖਭਾਲ, ਸ਼ੁਰੂਆਤੀ ਸਕ੍ਰੀਨਿੰਗ, ਰੈਫਰਲ ਅਤੇ ਇਲਾਜ ਤੱਕ ਸਮੇਂ ਸਿਰ ਪਹੁੰਚ ਨੂੰ ਸੁਧਾਰਨ ਲਈ ਸਿਹਤ ਪ੍ਰਣਾਲੀਆਂ ਨੂੰ ਵਧਾਉਣਾ ਅਤੇ ਉਹਨਾਂ ਨੂੰ ਕਾਇਮ ਰੱਖਣਾ।
- ਚੰਗੀ ਗੁਣਵੱਤਾ ਵਾਲੀ ਸਿਹਤ ਦੇਖਭਾਲ ਅੱਗੇ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਘਟਾਉਣਾ।
- ਭਾਈਚਾਰਿਆਂ ਦੀ ਸੁਰੱਖਿਆ, ਸਿਹਤ ਅਤੇ ਸਹਿਯੋਗ ਵਿੱਚ ਸੁਧਾਰ ਕਰਨਾ।
- ਵਿਹਾਰਕ ਸਿਹਤ ਅਤੇ ਹੋਰ ਸਹਾਇਤਾ ਸੇਵਾਵਾਂ ਮੁਹੱਈਆ ਕਰਵਾਕੇ ਮਾਨਸਿਕ ਤੰਦਰੁਸਤੀ ਅਤੇ ਮੁੜ ਉੱਭਰਨ ਦੀ ਸ਼ਕਤੀ ਨੂੰ ਉਤਸ਼ਾਹਿਤ ਕਰਨਾ।
- ਸੰਪੂਰਨ ਦੇਖਭਾਲ ਦੀ ਵਰਤੋਂ ਕਰਦੇ ਹੋਏ, ਜੋ ਸਵੈ-ਹਿੱਤਾਂ ਨੂੰ ਬਲ ਬਖ਼ਸ਼ਦੀ ਹੈ ਅਤੇ ਸਿਹਤ ਪ੍ਰਣਾਲੀਆਂ ਨਾਲ ਜੁੜੀ ਹੋਈ ਹੈ, ਕਿਸ਼ੋਰ ਕੁੜੀਆਂ ਅਤੇ ਬਾਲਗ ਔਰਤਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਅਨੁਕੂਲ ਬਣਾਉਣਾ।
- ਨਵਜਾਤ ਅਤੇ ਜਣੇਪੇ ਦਰਮਿਆਨ ਸਿਹਤ ਸੰਬੰਧੀ ਨਤੀਜਿਆਂ ਵਿੱਚ ਸੁਧਾਰ ਕਰਨਾ ਅਤੇ ਉਹਨਾਂ ਅਸਮਾਨਤਾਵਾਂ ਨੂੰ ਘਟਾਉਣਾ ਜੋ ਬਾਲ-ਰੋਗ ਅਤੇ ਮੌਤ ਦਾ ਕਾਰਨ ਬਣ ਸਕਦੀਆਂ ਹਨ।
- ਸੰਪੂਰਨ ਦੇਖਭਾਲ ਦੀ ਵਰਤੋਂ ਕਰਦੇ ਹੋਏ, ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਅਨੁਕੂਲ ਬਣਾਉਣਾ।
- ਵਿਸ਼ੇਸ਼ ਸਿਹਤ ਦੇਖਭਾਲ ਦੀਆਂ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਚਾਹੀਦੀਆਂ ਸੇਵਾਵਾਂ ਅਤੇ ਸਹਾਇਤਾ ਦੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਘਟਾਉਣਾ।
- ਜਨਤਕ ਸਿਹਤ ਐਮਰਜੈਂਸੀ ਅਤੇ ਜੱਚੇ ਅਤੇ ਬੱਚੇ ਦੀ ਆਬਾਦੀ 'ਤੇ ਉਹਨਾਂ ਦੇ ਪ੍ਰਭਾਵਾਂ ਨਾਲ ਜੁੜੀਆਂ ਹੋਈਆਂ ਉਭਰਦੀਆਂ ਤਰਜੀਹੀ ਲੋੜਾਂ ਦੀ ਪਛਾਣ ਕਰਨਾ ਅਤੇ ਉਹਨਾਂ ਪ੍ਰਤੀ ਪ੍ਰਤੀਕਿਰਿਆ ਕਰਨਾ।

ਰਾਜ ਦੀਆਂ ਇਹਨਾਂ ਤਰਜੀਹੀ ਲੋੜਾਂ ਨੇ ਸਾਡੀਆਂ ਚੋਣਾਂ ਦਾ ਮਾਰਗਦਰਸ਼ਨ ਕੀਤਾ ਹੈ ਕਿ ਗ੍ਰਾਂਟ ਦੇ ਕਿਹੜੇ ਰਾਸ਼ਟਰੀ ਪ੍ਰਦਰਸ਼ਨ ਮਾਪਦੰਡ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ, ਜੋ ਕਿ ਇਹ ਹਨ:

- ਵੈੱਲ-ਵੂਮਨ ਵਿਜ਼ਿਟ
- ਬ੍ਰੈਸਟਫੀਡਿੰਗ
- ਡਿਵੈਲਪਮੈਂਟਲ ਸਕ੍ਰੀਨਿੰਗ

- ਐਡੋਲੇਸੈਂਟ ਵੈੱਲ ਵਿਜ਼ਿਟ
- ਮੈਡੀਕਲ ਹੋਮ
- ਢੁਕਵਾਂ ਬੀਮਾ

ਅਸੀਂ ਹੇਠਾਂ ਦਿੱਤੇ ਰਾਜ ਪ੍ਰਦਰਸ਼ਨ ਮਾਪਦੰਡਾਂ ਬਾਰੇ ਪ੍ਰਗਤੀ ਨੂੰ ਵੀ ਟਰੈਕ ਕਰ ਰਹੇ ਹਾਂ:

- ਉਹਨਾਂ ਗਰਭਵਤੀ ਔਰਤਾਂ ਦੀ ਪ੍ਰਤੀਸ਼ਤਤਾ ਨੂੰ ਘਟਾਉਣਾ ਜੋ ਆਪਣੀ ਗਰਭ ਅਵਸਥਾ ਦੌਰਾਨ ਗੈਰ-ਕਾਨੂੰਨੀ ਪਦਾਰਥਾਂ ਦੀ ਵਰਤੋਂ ਕਰਦੀਆਂ ਹਨ
- ਉਹਨਾਂ ਗਰਭਵਤੀ ਔਰਤਾਂ ਦੀ ਪ੍ਰਤੀਸ਼ਤਤਾ ਵਧਾਉਣਾ ਜਿਹਨਾਂ ਦੀ ਗਰਭ ਅਵਸਥਾ ਦੌਰਾਨ ਉਹਨਾਂ ਦੇ ਪ੍ਰਦਾਤਾਵਾਂ ਦੁਆਰਾ ਡਿਪਰੈਸ਼ਨ ਦੀ ਜਾਂਚ ਕੀਤੀ ਜਾਂਦੀ ਹੈ
- ਵਾਸ਼ਿੰਗਟਨ ਰਾਜ ਦੇ ਯੂਨੀਵਰਸਲ ਡਿਵੈਲਪਮੈਂਟਲ ਸਕ੍ਰੀਨਿੰਗ ਸਿਸਟਮ ਵਿੱਚ ਘੱਟੋ-ਘੱਟ ਇੱਕ ਦਾਖਲੇ ਦੇ ਨਾਲ ਨਵਜਾਤਾਂ ਦੀ ਗਿਣਤੀ ਵਧਾਉਣਾ
- ਲੋੜ ਪੈਣ 'ਤੇ ਮਾਨਸਿਕ ਸਿਹਤ ਦੇਖਭਾਲ ਪ੍ਰਾਪਤ ਕਰਨ ਵਾਲੇ ਬੱਚਿਆਂ ਦੀ ਪ੍ਰਤੀਸ਼ਤਤਾ ਨੂੰ ਵਧਾਉਣਾ
- ਕਿੰਡਰਗਾਰਟਨ ਸ਼ੁਰੂ ਕਰਨ ਵਾਲੇ ਅਜਿਹੇ ਬੱਚਿਆਂ ਦੀ ਪ੍ਰਤੀਸ਼ਤਤਾ ਨੂੰ ਵਧਾਉਣਾ ਜੋ ਆਪਣੀ ਉਮਰ ਦੇ ਬੱਚਿਆਂ ਅਨੁਸਾਰ ਸਮਾਜਿਕ ਅਤੇ ਭਾਵਨਾਤਮਕ ਲੱਛਣਾਂ ਨੂੰ ਦਰਸਾਉਂਦੇ ਹੋਣ
- ਰਾਸ਼ਟਰੀ ਬਾਲ ਸਿਹਤ ਸਰਵੇਖਣ ਦੇ ਹਿੱਸੇ ਵਜੋਂ ਫੈਮਿਲੀ ਰਿਸੀਲੀਐਨਸ ਮੈਟ੍ਰਿਕਸ ਦੇ ਅਨੁਸਾਰ ਮੁੜ ਉੱਭਰਨ ਦੀ ਸ਼ਕਤੀ ਦੇ ਉਪਾਵਾਂ ਵਿੱਚ ਵਾਧਾ ਕਰਨਾ
- 10ਵੀਂ ਜਮਾਤ ਦੇ ਅਜਿਹੇ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ ਘਟਾਉਣਾ ਜਿਹਨਾਂ ਨੇ ਪਿਛਲੇ 30 ਦਿਨਾਂ ਵਿੱਚ ਸ਼ਰਾਬ ਦਾ ਸੇਵਨ ਕਰਨ ਦੀ ਰਿਪੋਰਟ ਕੀਤੀ ਹੈ
- 10ਵੀਂ ਜਮਾਤ ਦੇ ਅਜਿਹੇ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ ਨੂੰ ਵਧਾਉਣਾ ਜੋ ਇਹ ਦੱਸ ਸਕਣ ਕਿ ਉਦਾਸ ਜਾਂ ਨਿਰਾਸ਼ ਮਹਿਸੂਸ ਹੋਣ ਵੇਲੇ ਉਹਨਾਂ ਕੋਲ ਗੱਲ ਕਰਨ ਲਈ ਕੋਈ ਬਾਲਗ ਮੌਜੂਦ ਹੈ
- ਉਹਨਾਂ ਕਿਸ਼ੋਰਾਂ ਦੀ ਪ੍ਰਤੀਸ਼ਤਤਾ ਵਧਾਉਣਾ ਜੋ ਇਹ ਰਿਪੋਰਟ ਕਰ ਸਕਣ ਕਿ ਉਹਨਾਂ ਕੋਲ ਘੱਟੋ-ਘੱਟ ਇੱਕ ਬਾਲਗ ਸਲਾਹਕਾਰ ਮੌਜੂਦ ਹੈ
- ਵਿਸ਼ੇਸ਼ ਲੋੜਾਂ ਵਾਲੇ 10ਵੀਂ ਜਮਾਤ ਦੇ ਅਜਿਹੇ ਵਿਦਿਆਰਥੀਆਂ ਦੀ ਪ੍ਰਤੀਸ਼ਤਤਾ ਨੂੰ ਘਟਾਉਣਾ ਜੋ ਆਤਮ ਹੱਤਿਆ ਦੇ ਵਿਚਾਰ ਆਉਣ ਬਾਰੇ ਰਿਪੋਰਟ ਕਰਦੇ ਹਨ
- ਇਸ ਸਾਲ ਦੁਬਾਰਾ ਸ਼ੁਰੂ ਹੋਣ ਵਾਲੀ ਲਗਾਤਾਰ ਯੋਜਨਾ ਪ੍ਰਕਿਰਿਆ ਦੇ ਤੌਰ 'ਤੇ ਅਗਲੇ ਪੰਜ-ਸਾਲ ਲਈ ਜੱਚਾ ਅਤੇ ਬੱਚਾ ਦੀਆਂ ਸਿਹਤ ਲੋੜਾਂ ਦਾ ਮੁਲਾਂਕਣ ਸ਼ੁਰੂ ਕਰਨਾ
- COVID-19 ਟੀਕਾਕਰਨ ਮੁਹਿੰਮ ਦੇ ਯਤਨਾਂ ਦਾ ਸਮਰਥਨ ਕਰਨਾ

ਅਸੀਂ MCHBG ਫੰਡਿੰਗ ਦੀ ਵਰਤੋਂ ਕਿਵੇਂ ਕਰਦੇ ਹਾਂ ਅਤੇ ਕਿਵੇਂ ਇਹ ਪ੍ਰੋਗਰਾਮ ਭਾਈਚਾਰਿਆਂ ਨੂੰ ਪ੍ਰਭਾਵਤ ਕਰਦਾ ਹੈ, ਇਹ ਰਹੀਆਂ ਉਸ ਦੀਆਂ ਕੁਝ ਉਦਾਹਰਣਾਂ:

- ਸੀਂ MCHBG ਫੰਡਿੰਗ ਦਾ ਜ਼ਿਆਦਾਤਰ ਹਿੱਸਾ 32 ਸਥਾਨਕ ਸਿਹਤ ਅਧਿਕਾਰ ਖੇਤਰਾਂ (LHJs) ਅਤੇ 1 ਜ਼ਿਲ੍ਹੇ ਦੇ ਸਥਾਨਕ ਹਸਪਤਾਲ ਨੂੰ ਭੇਜਦੇ ਹਾਂ ਜੋ 34 LHJs ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਅਸੀਂ ਅਜਿਹਾ ਪੂਰੇ ਰਾਜ ਵਿੱਚ ਜਨਤਕ ਸਿਹਤ MCH ਸੇਵਾਵਾਂ ਦਾ ਸਮਰਥਨ ਕਰਨ ਲਈ ਕਰਦੇ ਹਾਂ। ਬਲਾਕ ਗ੍ਰਾਂਟ ਦੀਆਂ ਲੋੜਾਂ ਵਿੱਚੋਂ ਇੱਕ ਲੋੜ ਦੇ ਅਨੁਸਾਰ ਫੰਡਿੰਗ ਦਾ ਘੱਟੋ-ਘੱਟ 30 ਪ੍ਰਤੀਸ਼ਤ ਹਿੱਸਾ ਰੋਕਥਾਮ, ਮੁੱਢਲੀ ਦੇਖਭਾਲ, ਅਤੇ CYSHCN ਲਈ ਪਰਿਵਾਰਕ ਸਹਾਇਤਾ ਸੇਵਾਵਾਂ ਲਈ ਵਰਤਿਆ ਜਾਣਾ ਚਾਹੀਦਾ ਹੈ। ਇਸ ਕਾਰਨ ਕਰਕੇ, ਅਸੀਂ ਹਰੇਕ ਸਥਾਨਕ ਸਿਹਤ ਅਧਿਕਾਰ ਖੇਤਰ ਨੂੰ ਆਪਣੀ ਸਾਲਾਨਾ ਕਾਰਜ ਯੋਜਨਾ ਵਿੱਚ ਇਸ ਕੰਮ ਨੂੰ ਸ਼ਾਮਲ ਕਰਨ ਲਈ ਕਹਿੰਦੇ ਹਾਂ। ਸਥਾਨਕ ਸਿਹਤ ਅਧਿਕਾਰ ਖੇਤਰ ਆਪਣੀ ਬਾਕੀ ਦੀ ਫੰਡਿੰਗ ਨੂੰ ਅਜਿਹੇ ਵਿਕਲਪਾਂ ਲਈ ਵਰਤ

ਸਕਦੇ ਹਨ ਜੋ ਸਾਡੀ ਗ੍ਰਾਂਟ ਦੀ ਅਰਜ਼ੀ ਵਿੱਚ ਸ਼ਾਮਲ ਰਾਜ ਦੀਆਂ ਤਰਜੀਹਾਂ ਦਾ ਸਮਰਥਨ ਕਰਦੇ ਹਨ, ਅਤੇ ਜੋ ਜੱਚੇ ਅਤੇ ਬੱਚੇ ਦੀਆਂ ਬੁਨਿਆਦੀ ਸਿਹਤ ਸੇਵਾਵਾਂ ਨਾਲ ਸੰਬੰਧਿਤ ਹਨ।

- DOH ਵੱਖ-ਵੱਖ ਤਰੀਕਿਆਂ ਨਾਲ ਸਥਾਨਕ ਸਿਹਤ ਅਧਿਕਾਰ ਖੇਤਰਾਂ ਦੇ MCH ਪ੍ਰੋਗਰਾਮਾਂ ਨਾਲ ਸੰਪਰਕ ਅਤੇ ਸਮਰਥਨ ਬਣਾਈ ਰੱਖਦਾ ਹੈ, ਜਿਸ ਵਿੱਚ 3 ਸਟਾਫ ਸਲਾਹਕਾਰ ਸ਼ਾਮਲ ਹੁੰਦੇ ਹਨ ਜਿਹਨਾਂ ਦਾ ਮੁੱਖ ਟੀਚਾ ਸਥਾਨਕ ਸਿਹਤ ਅਧਿਕਾਰ ਖੇਤਰ ਨਾਲ ਤਾਲਮੇਲ ਬਿਠਾਉਣਾ ਹੁੰਦਾ ਹੈ। ਉਹ DOH ਦੇ ਵਿਸ਼ੇ ਦੇ ਮਾਹਿਰਾਂ ਨਾਲ ਸੰਪਰਕ ਵਿੱਚ ਰਹਿੰਦੇ ਹਨ ਅਤੇ ਹਫ਼ਤੇ ਵਿੱਚ 2 ਵਾਰ MCH ਦੇ ਕੰਮ ਲਈ ਸੰਬੰਧਿਤ ਜਾਣਕਾਰੀ ਅਤੇ ਸਰੋਤਾਂ ਵਾਲੀਆਂ ਈਮੇਲਾਂ ਵੀ ਭੇਜਦੇ ਹਨ। ਉਹ MCH ਦੇ ਵਿਸ਼ਿਆਂ, ਅਤੇ ਰਿਪੋਰਟਿੰਗ ਦੀਆਂ ਲੋੜਾਂ ਬਾਰੇ ਕਾਨਫਰੰਸ ਕਾਲਾਂ ਅਤੇ ਮੀਟਿੰਗਾਂ ਦੀ ਮੇਜ਼ਬਾਨੀ ਵੀ ਕਰਦੇ ਹਨ। ਭਾਈਚਾਰੇ ਦੇ ਇਹ ਸਲਾਹਕਾਰ ਪੂਰੇ ਰਾਜ ਵਿੱਚ MCH ਦੀਆਂ ਸੇਵਾਵਾਂ ਅਤੇ ਕਮੀਆਂ ਨੂੰ ਸਮਝਦੇ ਹਨ, ਜੋ ਸਾਨੂੰ ਸਥਾਨਕ ਲੋੜਾਂ ਬਾਰੇ ਜਾਣਨ ਅਤੇ ਇਹਨਾਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਪੂਰਾ ਕਰਨ ਲਈ ਸਾਡੀਆਂ ਰਾਜ-ਪੱਧਰੀ ਪਹਿਲਕਦਮੀਆਂ ਨੂੰ ਅਨੁਕੂਲ ਬਣਾਉਣ ਵਿੱਚ ਮਦਦ ਕਰਦੇ ਹਨ।

- ਸਾਡੀ CYSHCN ਟੀਮ ਨੇ ਪ੍ਰੋਗਰਾਮਿੰਗ ਦੇ ਸਾਰੇ ਪਹਿਲੂਆਂ ਵਿੱਚ ਪਰਿਵਾਰਾਂ ਨੂੰ ਕੇਂਦਰ ਵਿੱਚ ਰੱਖਣ ਲਈ ਪੂਰੀ ਮਿਹਨਤ ਨਾਲ ਕੰਮ ਕੀਤਾ ਹੈ। Parent to Parent (P2P), ਪਰਿਵਾਰ ਦੀ ਅਗਵਾਈ ਹੇਠ ਚੱਲਣ ਵਾਲੀ ਸੰਸਥਾ ਹੈ ਜੋ ਵਾਸ਼ਿੰਗਟਨ ਰਾਜ ਦੀ ਹਰੇਕ ਕਾਉਂਟੀ ਵਿੱਚ ਪਰਿਵਾਰਾਂ ਨੂੰ ਸਿੱਧਾ ਸਹਾਇਤਾ ਪ੍ਰਦਾਨ ਕਰਦੀ ਹੈ, ਹਰੇਕ ਪ੍ਰੋਗਰਾਮ ਦੀਆਂ ਵੱਖ-ਵੱਖ ਸਮਰੱਥਾਵਾਂ ਹਨ ਅਤੇ ਕੁਝ ਪ੍ਰੋਗਰਾਮ ਕਈ ਕਾਉਂਟੀਆਂ ਵਿੱਚ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ। P2P ਪਰਿਵਾਰਾਂ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਪਰਿਵਾਰ ਨੂੰ ਸਿੱਧਾ ਸਹਾਇਤਾ ਪ੍ਰਦਾਨ ਕਰਨਾ, ਸਾਥੀ ਸਹਾਇਤਾ ਸਮੂਹ, ਪੀਅਰ-ਟੂ-ਪੀਅਰ ਸਹਾਇਤਾ ਕਰਨ ਵਾਲੇ ਮਾਤਾ-ਪਿਤਾ ਮੈਚ, SibShops ਅਤੇ ਸੈਂਸਰੀ-ਅਨੁਕੂਲ ਸੀਜ਼ਨਲ ਅਤੇ ਪਰਿਵਾਰਕ ਸਮਾਜਿਕ ਸਮਾਗਮ, ਅਤੇ ਕਈ ਵਿਸ਼ਿਆਂ 'ਤੇ ਲੀਡਰਸ਼ਿਪ ਸਿਖਲਾਈ ਸ਼ਾਮਲ ਹੋ ਸਕਦੀ ਹੈ। CYSHCN ਸਟਾਫ ਨੂੰ ਜਨ ਸਿਹਤ ਅਤੇ ਉੱਭਰ ਰਹੇ ਅਤੇ ਚੱਲ ਰਹੇ ਵਿਸ਼ਿਆਂ ਬਾਰੇ ਤਾਜ਼ਾ ਜਾਣਕਾਰੀ ਦੇ ਨਾਲ ਅਪ-ਟੂ-ਡੇਟ ਰਹਿਣ ਲਈ, ਅਤੇ ਰਾਜ ਭਰ ਦੇ ਬਹੁ-ਸੱਭਿਆਚਾਰਕ ਸਟਾਫ ਨੂੰ ਸਹਾਇਤਾ ਅਤੇ ਅਗਵਾਈ ਪ੍ਰਦਾਨ ਕਰਨ ਲਈ ਸਾਲਾਨਾ ਸਿਖਲਾਈ ਦਾ ਸਮਰਥਨ ਕਰਨ ਲਈ ਫੰਡ ਪ੍ਰਦਾਨ ਕਰਦਾ ਹੈ।

- DOH, ਪ੍ਰਦਾਤਾਵਾਂ ਨੂੰ CYSHCN ਸੰਚਾਰ ਨੈੱਟਵਰਕ ਮੀਟਿੰਗਾਂ ਅਤੇ ਹੋਰ ਸਿਖਲਾਈਆਂ ਰਾਹੀਂ ਤਕਨੀਕੀ ਸਹਾਇਤਾ ਪ੍ਰਦਾਨ ਕਰਦਾ ਹੈ। MCHBG University of Washington ਇੰਸਟੀਚਿਊਟ ਫਾਰ ਹਿਊਮਨ ਡਿਵੈਲਪਮੈਂਟ ਐਂਡ ਡਿਸਬਿਲਟੀ ਦੇ ਮੈਡੀਕਲ ਹੋਮਜ਼ ਪਾਰਟਨਰਸ਼ਿਪ ਪ੍ਰੋਜੈਕਟ ਅਤੇ ਨਿਊਟ੍ਰੀਸ਼ਨ ਨੈੱਟਵਰਕ ਨਾਲ ਸਮਝੌਤਾ ਕਰਦਾ ਹੈ, ਨਾਲ ਹੀ Washington State Leadership Initiative (WSLI, ਵਾਸ਼ਿੰਗਟਨ ਸਟੇਟ ਲੀਡਰਸ਼ਿਪ ਇਨੀਸ਼ੀਏਟਿਵ) ਰਾਹੀਂ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਅਗਵਾਈ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ ਪਰਿਵਾਰ ਸੰਚਾਲਿਤ ਅਤੇ ਪਰਿਵਾਰ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਨਾਲ ਸਮਝੌਤਾ ਕਰਦਾ ਹੈ। ਪ੍ਰੋਗਰਾਮ, CYSHCN ਲਈ ਦੇਖਭਾਲ ਅਤੇ ਤਾਲਮੇਲ ਦੀ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਰਾਜ ਪੱਧਰ 'ਤੇ ਪ੍ਰਣਾਲੀਆਂ ਨੂੰ ਬਿਹਤਰ ਬਣਾਉਣ ਲਈ ਰਾਜ ਦੀਆਂ ਹੋਰ ਏਜੰਸੀਆਂ ਅਤੇ ਪ੍ਰਦਾਤਾਵਾਂ ਨਾਲ ਮਿਲਕੇ ਕੰਮ ਕਰਦਾ ਹੈ। ਇਸ ਵਿੱਚ ਨਿਊਰੋਡਿਵੈਲਪਮੈਂਟਲ ਸੈਂਟਰਾਂ ਅਤੇ ਮੈਕਸੀਲੋਫੇਸ਼ੀਅਲ ਰੀਵਿਊ ਬੋਰਡ ਨੈੱਟਵਰਕ ਦਾ ਸਮਰਥਨ ਕਰਨ ਲਈ ਰਾਜ ਦੀ ਫੰਡਿੰਗ ਦੀ ਵਰਤੋਂ ਕਰਨਾ ਸ਼ਾਮਲ ਹੈ। MCHBG ਸਾਡੇ ਰਾਜ ਦੀ Medicaid ਏਜੰਸੀ, HCA ਨਾਲ ਇੱਕ ਅੰਤਰ-ਏਜੰਸੀ ਸਮਝੌਤੇ ਦੇ ਰਾਹੀਂ CYSHCN ਲਈ Medicaid ਸੇਵਾਵਾਂ ਲਈ ਸਿੱਖਿਆ ਅਤੇ ਉਹਨਾਂ ਤੱਕ ਪਹੁੰਚ ਦਾ ਵੀ ਸਮਰਥਨ ਕਰ ਰਿਹਾ ਹੈ।

- ਵਾਸ਼ਿੰਗਟਨ, ਰਾਜ ਅਤੇ ਫੈਡਰਲ ਫੰਡਿੰਗ ਦੇ ਮਿਸ਼ਰਣ ਦੀ ਵਰਤੋਂ ਨਾਲ ਜੱਚੇ ਦੀ ਮੌਤ ਨੂੰ ਰੋਕਣ ਲਈ ਵੀ ਕੰਮ ਕਰਦਾ ਹੈ। ਰਾਜ, ਜੱਚੇ ਦੀਆਂ ਮੌਤਾਂ ਦੇ ਸਾਰੇ ਮਾਮਲਿਆਂ ਦੀ ਸਮੀਖਿਆ ਕਰਨ ਲਈ ਇੱਕ ਰਾਜ ਪੱਧਰੀ Maternal Mortality Review Panel (MMRP, ਜੱਚਾ ਮੌਤ ਦਰ ਸਮੀਖਿਆ ਪੈਨਲ) ਦਾ ਗਠਨ ਕਰਦਾ ਹੈ। ਇਹ ਪੈਨਲ ਜ਼ਿੰਮੇਵਾਰ ਕਾਰਕਾਂ ਨੂੰ ਨਿਰਧਾਰਤ ਕਰਦਾ ਹੈ ਅਤੇ ਮੌਤਾਂ ਨੂੰ ਰੋਕਣ ਲਈ ਸੁਝਾਅ ਤਿਆਰ ਕਰਦਾ ਹੈ। 2023 ਵਿੱਚ, ਵਿਭਾਗ ਨੇ 2014-2020 ਦੇ ਡੇਟਾ ਦੀ ਵਰਤੋਂ ਕਰਦੇ ਹੋਏ, ਜਣੇਪਾ ਰੋਗ

ਅਤੇ ਮੌਤ ਦਰ ਦੀ ਰੋਕਥਾਮ ਲਈ ਮੁੱਖ ਖੋਜਾਂ ਅਤੇ ਸਿਫ਼ਾਰਸ਼ਾਂ ਦਾ ਸਾਰ ਦਿੰਦੇ ਹੋਏ ਵਿਧਾਨ ਸਭਾ ਨੂੰ ਇੱਕ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਵਿੱਚ ਇਹਨਾਂ ਸਿਫ਼ਾਰਸ਼ਾਂ ਉੱਤੇ ਕਬਾਇਲੀ ਭਾਈਚਾਰੇ ਦੇ ਵਿਚਾਰਾਂ ਨੂੰ ਸਮਰਪਿਤ ਇੱਕ ਭਾਗ ਸ਼ਾਮਲ ਹੈ। ਉਹਨਾਂ ਦੀ ਖੋਜਾਂ ਅਜਿਹੀਆਂ ਕਈ ਨਸਲੀ ਅਤੇ ਸਮਾਜਿਕ-ਆਰਥਿਕ ਅਸਮਾਨਤਾਵਾਂ ਨੂੰ ਉਜਾਗਰ ਕਰਦੀਆਂ ਹੈ ਜੋ ਇਹਨਾਂ ਮੌਤਾਂ ਦੇ ਲਈ ਜ਼ਿੰਮੇਵਾਰ ਹਨ। ਇਹ ਰਿਪੋਰਟ ਜੱਚਾ ਸਿਹਤ ਵਿੱਚ ਭਵਿੱਖ ਦੇ ਨਿਵੇਸ਼ ਲਈ ਰਣਨੀਤਕ ਮਾਰਗਦਰਸ਼ਨ ਵਜੋਂ ਕੰਮ ਕਰਦੀ ਹੈ। MCHBG ਫੰਡਿੰਗ ਕਈ MMRP ਸਿਫ਼ਾਰਸ਼ਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਦੀ ਹੈ।

- ਸਾਡੀ ਜਣੇਪੇ ਸੰਬੰਧੀ ਸਿਹਤ ਯੂਨਿਟ ਨਸ਼ੀਲੇ ਪਦਾਰਥਾਂ ਦੀ ਵਰਤੋਂ ਲਈ ਛਾਣ-ਬੀਣ ਅਤੇ ਇਲਾਜ ਦੀਆਂ ਸਾਡੀਆਂ ਪ੍ਰਣਾਲੀਆਂ ਨੂੰ ਬਦਲਣ ਲਈ ਬਹੁਤ ਸਾਰੇ ਭਾਈਵਾਲਾਂ ਨਾਲ ਲਗਾਤਾਰ ਕੰਮ ਕਰ ਰਹੀ ਹੈ, ਖਾਸ ਤੌਰ 'ਤੇ ਜਦੋਂ ਇਸ ਨਾਲ ਗਰਭਵਤੀ ਔਰਤਾਂ ਅਤੇ ਨਵਜੰਮੇ ਬੱਚੇ ਪ੍ਰਭਾਵਿਤ ਹੁੰਦੇ ਹਨ। ਰਾਜ ਦੇ Washington State Opioid and Overdose Response Plan (ਵਾਸ਼ਿੰਗਟਨ ਰਾਜ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਓਵਰਡੋਜ਼ ਰਿਸਪਾਂਸ ਪਲਾਨ) ਅਤੇ ਸੰਬੰਧਿਤ ਸਰੋਤਾਂ ਉੱਤੇ ਸਾਡਾ ਨਿਰੰਤਰ ਧਿਆਨ, ਅਤੇ Promoting Healthy Outcomes for Pregnant Women and Infants bill (ਗਰਭਵਤੀ ਔਰਤਾਂ ਅਤੇ ਨਵਜਾਤਾਂ ਲਈ ਸਿਹਤਮੰਦ ਨਤੀਜਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਬਿੱਲ) (Substitute Senate Bill 5835 (ਸਬਸਟੀਟਿਊਟ ਸੈਨੇਟ ਬਿੱਲ 5835) (ਅੰਗਰੇਜ਼ੀ ਵਿੱਚ) ਵਿੱਚ ਨੀਓਨੇਟਲ ਐਬਸਟੀਨੈਂਸ ਸਿੰਡਰੋਮ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਹੋਰ ਪ੍ਰਭਾਵਾਂ ਨੂੰ ਰੋਕਣ ਲਈ ਰਣਨੀਤੀਆਂ ਲਾਗੂ ਕਰਨਾ ਅਤੇ ਵਿਡਰਾਵਲ ਦੇ ਲੱਛਣਾਂ ਦੇ ਨਾਲ ਪੈਦਾ ਹੋਏ ਬੱਚਿਆਂ ਲਈ ਦੇਖਭਾਲ ਦਾ ਮਿਆਰੀਕਰਨ ਕਰਨਾ ਸ਼ਾਮਲ ਹੈ। Department of Children, Youth and Family (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰ ਵਿਭਾਗ) ਅਤੇ Health Care Authority (ਸਿਹਤ ਦੇਖਭਾਲ ਅਥਾਰਟੀ) ਦੇ ਨਾਲ ਕਰਾਸ-ਏਜੰਸੀ ਪਾਰਟਨਰਸ਼ਿਪ ਰਾਹੀਂ, ਅਸੀਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਵਾਲੇ ਪਰਿਵਾਰਾਂ ਵਾਸਤੇ ਬਾਲ ਭਲਾਈ ਨੂੰ ਸ਼ਾਮਲ ਕਰਨ ਲਈ ਸੁਰੱਖਿਅਤ ਦੇਖਭਾਲ ਦੀਆਂ ਯੋਜਨਾਵਾਂ ਦੇ ਵਿਕਲਪਿਕ ਮਾਰਗ ਨੂੰ ਲਾਗੂ ਕਰਨ ਲਈ ਸਮਰਥਨ ਕਰਨਾ ਜਾਰੀ ਰੱਖਦੇ ਹਾਂ ਜਿੱਥੇ ਬੱਚੇ ਦੀ ਸੁਰੱਖਿਆ ਸੰਬੰਧੀ ਕਿਓ ਸਮੱਸਿਆ ਨਹੀਂ ਹੈ। ਇਸ ਤੋਂ ਇਲਾਵਾ, ਅਸੀਂ ਖਾਣ/ਨੀਂਦ/ਕੰਸੋਲ ਦੇ ਮਾਡਲ ਲਈ ਬਿਲਿੰਗ ਅਪਟੇਕ ਨੂੰ ਦੇਖਣਾ ਸ਼ੁਰੂ ਕਰ ਰਹੇ ਹਾਂ - ਜੋ ਜਨਮ ਦੇਣ ਵਾਲੇ ਮਾਪਿਆਂ ਅਤੇ ਨਵਜਾਤਾਂ ਦੀ ਦੇਖਭਾਲ ਲਈ ਰੂਮਇੰਗ-ਇਨ ਕੇਅਰ ਯਾਨੀ ਕਿ ਕਮਰੇ ਵਿੱਚ ਰਹਿੰਦੇ ਹੋਏ ਦੇਖਭਾਲ ਦਾ ਸਭ ਤੋਂ ਵਧੀਆ ਅਭਿਆਸ ਹੈ। ਅੰਤ ਵਿੱਚ, ਵਿਭਾਗ ਹਸਪਤਾਲਾਂ ਨੂੰ ਸੈਂਟਰ ਆਫ਼ ਐਕਸੀਲੈਂਸ ਫਾਰ ਪੇਰੀਨੇਟਲ ਸਬਸਟਾਂਸ ਯੂਜ਼ (ਅੰਗਰੇਜ਼ੀ ਵਿੱਚ) ਬਣਨ ਲਈ ਸਰਟੀਫਿਕੇਟ ਪ੍ਰਦਾਨ ਕਰਨਾ ਜਾਰੀ ਰੱਖਦਾ ਹੈ, ਅਤੇ ਇਸ ਰਿਪੋਰਟ ਦੇ ਸਮੇਂ 'ਤੇ, ਵਿਭਾਗ ਕੋਲ ਸੈਂਟਰ ਆਫ਼ ਐਕਸੀਲੈਂਸ ਸਰਟੀਫਿਕੇਸ਼ਨ ਲਈ ਯੋਗਤਾ ਪ੍ਰਾਪਤ ਪਹਿਲਾ ਹਸਪਤਾਲ ਸੀ।

- ਬੱਚੇ ਦੀ ਸਿਹਤ ਵਿੱਚ ਸੁਧਾਰ ਕਰਨ ਲਈ ਸਾਡੇ ਕੰਮ ਦਾ ਇੱਕ ਮਹੱਤਵਪੂਰਨ ਖੇਤਰ ਡਿਵੈਲਪਮੈਂਟਲ ਸਕ੍ਰੀਨਿੰਗ ਦੀ ਮਹੱਤਤਾ ਅਤੇ ਉਪਲਬਧਤਾ ਨੂੰ ਉਤਸ਼ਾਹਿਤ ਕਰਨਾ ਹੈ, ਜਿਸ ਵਿੱਚ ਸ਼ੁਰੂਆਤੀ ਫਾਲੋ-ਅੱਪ ਅਤੇ ਜੇ ਲੋੜ ਪਵੇ ਤਾਂ ਇੰਟਰਵੈਨਸ਼ਨ ਸੇਵਾਵਾਂ ਲਈ ਰੈਫਰਲ ਸ਼ਾਮਲ ਹੈ। ਅਸੀਂ ਵੈੱਲ-ਚਾਈਲਡ ਹੈਲਥ ਵਿਜ਼ਿਟ ਲਈ ਪੇਸ਼ ਆਉਣ ਵਾਲੀਆਂ ਰੁਕਾਵਟਾਂ ਨੂੰ ਘਟਾਉਣ, ਡਿਵੈਲਪਮੈਂਟਲ ਸਕ੍ਰੀਨਿੰਗ ਦੀਆਂ ਦਰਾਂ ਨੂੰ ਵਧਾਉਣ ਅਤੇ ਟਰੈਕ ਕਰਨ, ਸੇਵਾਵਾਂ ਨਾਲ ਕਨੈਕਸ਼ਨ ਵਧਾਉਣ, ਅਤੇ ਪ੍ਰਦਾਤਾ ਦੇ ਬਿਲਿੰਗ ਅਭਿਆਸਾਂ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੇ ਹਾਂ। ਵਿਧਾਨ ਸਭਾ ਰਾਹੀਂ ਫੰਡ ਪ੍ਰਾਪਤ ਕਰਨ ਤੋਂ ਬਾਅਦ, ਅਸੀਂ ਸਿਹਤ ਦੇਖਭਾਲ ਪ੍ਰਦਾਤਾਵਾਂ ਅਤੇ ਸਥਾਨਕ ਸਿਹਤ ਅਧਿਕਾਰ ਖੇਤਰਾਂ ਲਈ ਸਾਡੀ ਨਵੀਂ ਯੂਨੀਵਰਸਲ ਡਿਵੈਲਪਮੈਂਟਲ ਸਕ੍ਰੀਨਿੰਗ ਪ੍ਰਣਾਲੀ ਨੂੰ ਰੋਲਆਊਟ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਪ੍ਰਣਾਲੀ ਪ੍ਰਦਾਤਾਵਾਂ ਅਤੇ ਮਾਪਿਆਂ ਲਈ ਉਪਲਬਧ ਹੋਵੇਗੀ, ਤਾਂ ਜੋ ਉਹ ਸਕ੍ਰੀਨਿੰਗ ਦਰਾਂ ਨੂੰ ਟਰੈਕ ਕਰ ਸਕਣ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲ ਸਕੇ ਕਿ ਰਾਜ ਦੇ ਸਾਰੇ ਬੱਚਿਆਂ ਨੂੰ ਡਿਵੈਲਪਮੈਂਟਲ ਦੇਰੀ ਲਈ ਸਕ੍ਰੀਨਿੰਗ ਪ੍ਰਾਪਤ ਹੋ ਸਕੇ।

- ਕਿਸ਼ੋਰਾਂ ਦੀ ਸਿਹਤ ਵਿੱਚ ਸੁਧਾਰ ਕਰਨ ਲਈ, DOH, ਸਕੂਲ-ਅਧਾਰਤ ਸਿਹਤ ਕੇਂਦਰਾਂ (SBHCs) ਨਾਲ ਮਿਲ ਕੇ ਕੰਮ ਕਰਦਾ ਹੈ। ਅਜਿਹੇ ਨੌਜਵਾਨ ਜੋ ਵਿਸ਼ੇਸ਼ ਤੌਰ 'ਤੇ ਅਸਮਾਨ ਸਿਹਤ ਅਤੇ ਸਮਾਜਿਕ ਨਤੀਜਿਆਂ ਵਾਲੀ ਆਬਾਦੀ ਦਾ ਹਿੱਸਾ ਹਨ, ਉਹਨਾਂ ਨੂੰ ਕਈ

ਕਾਰਕਾਂ ਕਰਕੇ ਮੈਡੀਕਲ ਦੇਖਭਾਲ ਪ੍ਰਣਾਲੀ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਪੇਸ਼ ਆ ਸਕਦੀ ਹੈ। ਕਾਰਕਾਂ ਵਿੱਚ ਆਵਾਜਾਈ ਦੇ ਸਾਧਨਾਂ ਦੀ ਘਾਟ, ਸਮਾਜਿਕ ਵਖਰੇਵਾਂ, ਗੁੰਝਲਦਾਰ ਜੀਵਨ ਸਥਿਤੀਆਂ, ਜਾਂ ਲੁਕਵੇਂ ਨਸਲੀ ਪੱਖਪਾਤ ਸ਼ਾਮਲ ਹੋ ਸਕਦੇ ਹਨ। ਇਹ ਨੌਜਵਾਨ ਸਕੂਲ ਵਿੱਚ ਸਿਹਤ ਦੇਖਭਾਲ ਤੱਕ ਪਹੁੰਚ ਵਧੇਰੇ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ, ਜਿੱਥੇ ਉਹ ਪੜ੍ਹਾਈ ਕਰਦੇ ਹਨ ਅਤੇ ਵਧੇਰੇ ਆਰਾਮਦਾਇਕ ਵੀ ਮਹਿਸੂਸ ਕਰਦੇ ਹਨ। ਇਸ ਗੱਲ ਦਾ ਪੱਕਾ ਸਬੂਤ ਹੈ ਕਿ SBHC ਤੱਕ ਪਹੁੰਚ ਅਤੇ ਵੈੱਲ-ਐਡੋਲੇਸੈਂਟ ਹੈਲਥ ਵਿਜ਼ਿਟ ਨਾਲ ਸਕੂਲ ਵਿੱਚ ਗੈਰਹਾਜ਼ਰੀ, ਸਕੂਲ ਛੱਡਣ ਦੀ ਦਰ, ਪੁਰਾਣੀ ਬਿਮਾਰੀ, ਨਸ਼ੇ ਦੀ ਵਰਤੋਂ, ਜਿਨਸੀ ਤੌਰ ਫੈਲਣ ਵਾਲੀਆਂ ਬਿਮਾਰੀਆਂ ਦੀ ਦਰ, ਅਤੇ ਗਰਭ ਅਵਸਥਾ ਦੀਆਂ ਦਰਾਂ ਵਿੱਚ ਕਮੀ ਆਉਂਦੀ ਹੈ। ਇਸ ਨਾਲ ਗ੍ਰੈਜੂਏਸ਼ਨ ਦੀਆਂ ਦਰਾਂ ਵਿੱਚ ਵਾਧਾ ਤਾਂ ਹੋਇਆ ਹੀ ਹੈ ਅਤੇ ਨਾਲ ਹੀ ਡਾਇਬੀਟੀਜ਼, ਦਮਾ ਅਤੇ ਮਾਨਸਿਕ ਬਿਮਾਰੀ ਦੇ ਪ੍ਰਬੰਧਨ ਵਿੱਚ ਵੀ ਸੁਧਾਰ ਹੋਇਆ ਹੈ।

- ਸਕੂਲ-ਅਧਾਰਤ ਸਿਹਤ ਕੇਂਦਰ, ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਢੁਕਵੀਂ ਅਦਾਇਗੀ ਪ੍ਰਾਪਤ ਕਰਨ ਲਈ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ, ਜਿਸ ਨਾਲ ਉਹਨਾਂ ਸੇਵਾਵਾਂ ਨੂੰ ਬਰਕਰਾਰ ਰੱਖਣ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਅਸੀਂ ਬਿਲਿੰਗ ਅਤੇ ਅਦਾਇਗੀ ਸੰਬੰਧੀ ਮੁੱਦਿਆਂ ਨੂੰ ਹੱਲ ਕਰਨ ਲਈ SBHCs, Health Care Authority, ਅਤੇ ਹੋਰਾਂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਵਾਸ਼ਿੰਗਟਨ ਦੇ ਬਹੁਤ ਸਾਰੇ ਕਿਸ਼ੋਰ ਅਤੇ ਨੌਜਵਾਨ ਬਾਲਗ Medicaid ਲਈ ਯੋਗ ਹਨ ਪਰ ਅਜੇ ਤੱਕ ਇਨਰੋਲ ਨਹੀਂ ਹੋਏ ਹਨ। ਅਸੀਂ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਨੂੰ ਵਧਾਉਣ ਵਿੱਚ ਮਦਦ ਵਾਸਤੇ ਇਨਰੋਲਮੈਂਟ ਨੂੰ ਵਧਾਉਣ ਲਈ ਰਣਨੀਤੀਆਂ ਤਿਆਰ ਕਰ ਰਹੇ ਹਾਂ। 2021 ਵਿੱਚ Substitute House Bill 1225: Concerning School Based Health Centers (ਸਬਸਟੀਟਿਊਟ ਹਾਊਸ ਬਿੱਲ 1225: ਸਕੂਲ ਅਧਾਰਤ ਸਿਹਤ ਕੇਂਦਰਾਂ ਦੇ ਸੰਬੰਧ ਵਿੱਚ) (ਅੰਗਰੇਜ਼ੀ ਵਿੱਚ) ਦੇ ਪਾਸ ਹੋਣ ਦੀ ਬਦੌਲਤ, ਅਸੀਂ ਇਤਿਹਾਸਕ ਤੌਰ 'ਤੇ ਸੇਵਾ ਤੋਂ ਵਿਹੂਣੇ ਤਬਕਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, SBHCs ਨਾਲ ਪਾਰਟਨਰਸ਼ਿਪ ਕਰਕੇ ਵਿਦਿਆਰਥੀਆਂ ਲਈ ਸੇਵਾਵਾਂ ਦੀ ਉਪਲਬਧਤਾ ਨੂੰ ਵਧਾਉਣ ਅਤੇ ਕਾਇਮ ਰੱਖਣ ਦੇ ਯੋਗ ਬਣੇ ਹਾਂ। ਇਹ ਇੱਕ ਹੋਰ ਉਦਾਹਰਣ ਹੈ ਜੋ ਦੱਸਦੀ ਹੈ ਕਿ ਅਸੀਂ ਤਰਜੀਹੀ ਲੋੜਾਂ ਨੂੰ ਪੂਰਾ ਕਰਨ ਲਈ ਕਈ ਸਰੋਤਾਂ ਤੋਂ ਮਿਲੀ ਫੰਡਿੰਗ ਦੀ ਵਰਤੋਂ ਕਿਵੇਂ ਕਰਦੇ ਹਾਂ।

ਵੱਖ-ਵੱਖ ਰਾਜ ਅਤੇ ਫੈਡਰਲ ਫੰਡਿੰਗ ਸਰੋਤ ਸਾਡੇ ਸਮੁੱਚੇ MCH ਪ੍ਰੋਗਰਾਮ ਦਾ ਸਮਰਥਨ ਕਰਦੇ ਹਨ। ਅਸੀਂ MCHBG ਫੰਡ ਦੇ ਇੱਕ ਹਿੱਸੇ ਦੀ ਵਰਤੋਂ ਉਹਨਾਂ ਪ੍ਰੋਗਰਾਮ ਮੈਨੇਜਰਾਂ ਦੀਆਂ ਤਨਖਾਹਾਂ ਦਾ ਭੁਗਤਾਨ ਕਰਨ ਲਈ ਕਰਦੇ ਹਾਂ ਜੋ ਜਨਤਕ ਸਿਹਤ ਪ੍ਰਣਾਲੀਆਂ ਵਿੱਚ ਸੁਧਾਰ ਕਰਨ ਲਈ ਰਣਨੀਤਕ ਕੰਮ ਦੀ ਯੋਜਨਾ ਬਣਾਉਂਦੇ ਹਨ ਅਤੇ ਉਸ ਦੀ ਨਿਗਰਾਨੀ ਕਰਦੇ ਹਨ। ਉਹ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਔਰਤਾਂ ਅਤੇ ਬੱਚਿਆਂ ਨੂੰ ਉਹ ਸਾਰੇ ਸਿਹਤ ਲਾਭ ਪ੍ਰਾਪਤ ਹੋਣ ਜਿਹਨਾਂ ਦੇ ਉਹ ਹੱਕਦਾਰ ਹਨ, ਜਿਸ ਵਿੱਚ ਰੋਕਥਾਮ ਵਾਲੀਆਂ ਸਿਹਤ ਸੇਵਾਵਾਂ ਅਤੇ ਸਕ੍ਰੀਨਿੰਗ ਵੀ ਸ਼ਾਮਲ ਹੁੰਦੀ ਹੈ। ਉਹ ਮੈਡੀਕਲ ਹੋਮ ਦੇ ਅੰਦਰ ਤਾਲਮੇਲ ਵਾਲੀ ਦੇਖਭਾਲ ਦੀ ਮਹੱਤਤਾ ਨੂੰ ਵੀ ਉਤਸ਼ਾਹਿਤ ਕਰਦੇ ਹਨ ਅਤੇ ਢੁਕਵੀਂ ਬੀਮਾ ਕਵਰੇਜ ਸੰਬੰਧੀ ਮੁੱਦਿਆਂ ਨੂੰ ਵੀ ਹੱਲ ਕਰਦੇ ਹਨ।

ਜੱਚਾ, ਬੱਚਾ ਅਤੇ ਕਿਸ਼ੋਰਾਂ ਵਿੱਚ ਬਿਮਾਰੀਆਂ ਤੋਂ ਰੋਕਥਾਮ ਅਤੇ ਤੰਦਰੁਸਤੀ ਲਈ ਸਾਡਾ ਨਿਵੇਸ਼, Governor's Office of Equity (ਗਵਰਨਰਜ਼ ਆਫਿਸ ਆਫ ਇਕੁਇਟੀ) ਦੇ ਉਦੇਸ਼ ਨੂੰ ਪੂਰਾ ਕਰਨ ਵਿੱਚ ਵੀ ਮਦਦ ਕਰਦਾ ਹੈ ਜੋ ਇਹ ਹੈ: "ਅਗਲੀਆਂ ਸੱਤ ਪੀੜ੍ਹੀਆਂ ਅਤੇ ਉਸ ਤੋਂ ਵੀ ਅੱਗੇ ਲਈ ਵਾਸ਼ਿੰਗਟਨ ਵਿੱਚ ਹਰ ਵਿਅਕਤੀ ਕੋਲ ਉਹਨਾਂ ਮੌਕਿਆਂ, ਅਧਿਕਾਰਾਂ ਅਤੇ ਸਰੋਤਾਂ ਤੱਕ ਪੂਰੀ ਪਹੁੰਚ ਹੈ, ਜਿਸਦੀ ਲੋੜ ਉਹਨਾਂ ਨੂੰ ਵੱਧਣ-ਫੁੱਲਣ ਅਤੇ ਆਪਣੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਲਈ ਪੈਂਦੀ ਹੈ ਅਤੇ ਹਰ ਵਿਅਕਤੀ ਬਰਾਬਰ ਹੈ ਅਤੇ ਸਾਰਿਆਂ ਲਈ ਨਿਆਂ ਉਪਲਬਧ ਹੈ।"

### III.A.2. ਫੈਡਰਲ ਟਾਈਟਲ V ਫੰਡ ਰਾਜ-ਸਮਰਥਿਤ MCH ਯਤਨਾਂ ਨੂੰ ਕਿਵੇਂ ਪੂਰਾ ਕਰਦੇ ਹਨ

MCHBG ਮਹੱਤਵਪੂਰਨ ਕੋਰ ਫੰਡਿੰਗ ਸਹਾਇਤਾ ਪ੍ਰਦਾਨ ਕਰਦਾ ਹੈ ਜਿਸਦੀ ਵਰਤੋਂ ਅਸੀਂ ਰਾਜ ਅਤੇ ਸਥਾਨਕ ਪੱਧਰ 'ਤੇ ਜੱਚਾ, ਬੱਚਾ ਅਤੇ ਕਿਸ਼ੋਰ ਸਿਹਤ ਸੇਵਾਵਾਂ ਵਿੱਚ ਆਪਣੇ ਨਿਵੇਸ਼ਾਂ ਨੂੰ ਵਧਾਉਣ ਲਈ ਕਰਦੇ ਹਾਂ। ਜਦੋਂ ਵੀ ਸੰਭਵ ਹੁੰਦਾ ਹੈ, ਅਸੀਂ ਇੱਕ ਬ੍ਰੈਡਡ ਫੰਡਿੰਗ ਮਾਡਲ

ਅਪਣਾਉਂਦੇ ਹਾਂ ਜੋ MCHBG ਨੂੰ ਰਾਜ ਦੇ ਜਨਰਲ ਫੰਡ ਅਤੇ ਹੋਰ ਗ੍ਰਾਂਟ ਫੰਡਾਂ ਨਾਲ ਜੋੜਦਾ ਹੈ। ਸਾਡੀਆਂ ਰਾਜ ਦੀਆਂ ਤਰਜੀਹੀ ਲੋੜਾਂ ਨਾਲ ਜੁੜੇ ਵਿਕਲਪਾਂ ਦੇ ਮੀਨੂ ਦੇ ਅਧਾਰ 'ਤੇ LHJs ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਵਾਸ਼ਿੰਗਟਨ ਦੀ ਟਾਈਟਲ V ਫੰਡਿੰਗ ਦਾ 55% ਹਿੱਸਾ ਪ੍ਰਾਪਤ ਹੁੰਦਾ ਹੈ। ਸਾਡੀ ਗ੍ਰਾਂਟ ਦਾ ਲਗਭਗ 10 ਪ੍ਰਤੀਸ਼ਤ ਹਿੱਸਾ ਰਾਜ ਦੀਆਂ ਤਰਜੀਹਾਂ ਉੱਤੇ Department of Health ਨਾਲ ਮਿਲ ਕੇ ਕੰਮ ਕਰਨ ਵਾਲੀਆਂ ਸਿਹਤ ਦੇਖਭਾਲ ਅਤੇ ਭਾਈਚਾਰਕ ਸੇਵਾ ਸੰਸਥਾਵਾਂ ਨਾਲ ਕੀਤੇ ਸਮਝੌਤਿਆਂ ਉੱਤੇ ਖਰਚ ਹੁੰਦਾ ਹੈ। ਬਾਕੀ ਦਾ ਹਿੱਸਾ ਰਾਜ ਵਿਆਪੀ ਜੱਚਾ ਅਤੇ ਬੱਚਾ ਸਿਹਤ ਸੇਵਾਵਾਂ, ਨਿਗਰਾਨੀ ਅਤੇ ਮੁਲਾਂਕਣ, ਰਾਜ ਵਿਆਪੀ ਲੋੜਾਂ ਦਾ ਮੁਲਾਂਕਣ ਅਤੇ ਯੋਜਨਾਬੰਦੀ, ਉੱਚ-ਤਰਜੀਹ ਵਾਲੀ ਨੀਤੀ ਦੀਆਂ ਪਹਿਲਕਦਮੀਆਂ, ਅਤੇ ਘੱਟ ਫੰਡ ਵਾਲੀਆਂ ਤਰਜੀਹਾਂ ਲੈ ਵਰਤਿਆ ਜਾਂਦਾ ਹੈ।

ਟਾਈਟਲ V ਫੰਡਿੰਗ ਰਾਜ ਪੱਧਰ 'ਤੇ ਇੱਕ ਮਜ਼ਬੂਤ ਕਾਰਜਬਲ ਦਾ ਸਮਰਥਨ ਕਰਦੀ ਹੈ, ਜਿਹਨਾਂ ਕੋਲ ਆਬਾਦੀ ਦੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇ ਬਾਰੇ ਡੂੰਘੀ ਮੁਹਾਰਤ ਹੈ। ਇਹ ਸਥਾਨਕ ਜਨਤਕ ਸਿਹਤ ਪ੍ਰਣਾਲੀ MCH ਕਾਰਜਬਲ ਲਈ ਵਿੱਤੀ ਸਥਿਰਤਾ ਅਤੇ ਸਰਕਾਰੀ ਜਨਤਕ ਸਿਹਤ ਪ੍ਰਣਾਲੀ ਵਿੱਚ MCH ਕਾਰਜਬਲ ਕਨੈਕਸ਼ਨ ਲਈ ਇੱਕ ਸਾਂਝਾ ਪਲੇਟਫਾਰਮ, ਦੋਵਾਂ ਦੀ ਸਹੂਲਤ ਦਿੰਦਾ ਹੈ। ਇਸ ਰਿਪੋਰਟਿੰਗ ਮਿਆਦ ਦੇ ਦੌਰਾਨ, ਵਿਭਾਗ ਨੇ ਹੇਠਾਂ ਦਿੱਤੇ ਰਣਨੀਤਕ ਖੇਤਰਾਂ ਵਿੱਚ MCHBG ਫੰਡਿੰਗ ਨੂੰ ਰਾਜ ਦੇ ਜਨਰਲ ਫੰਡ ਦੇ ਨਿਵੇਸ਼ਾਂ ਨਾਲ ਜੋੜਿਆ ਹੈ:

- ਯੂਨੀਵਰਸਲ ਡਿਵੈਲਪਮੈਂਟਲ ਸਕ੍ਰੀਨਿੰਗ ਡਾਟਾ ਸਿਸਟਮ
- ਏਕੀਕ੍ਰਿਤ ਮੈਡੀਕਲ ਅਤੇ ਵਿਵਹਾਰ ਸੰਬੰਧੀ ਸਿਹਤ ਲਈ ਸਕੂਲ-ਅਧਾਰਤ ਸਿਹਤ ਕੇਂਦਰ ਗ੍ਰਾਂਟ ਪ੍ਰੋਗਰਾਮ
- ਪ੍ਰਜਨਨ ਸੰਬੰਧੀ ਸਿਹਤ ਦੇਖਭਾਲ ਤੱਕ ਪਹੁੰਚ ਦਾ ਭਰੋਸਾ
- ਬੱਚਿਆਂ ਅਤੇ ਨਵਜੰਮੇ ਬੱਚਿਆਂ ਦੀ ਸਕ੍ਰੀਨਿੰਗ ਲਈ ਸ਼ੁਰੂਆਤੀ ਹੀਅਰਿੰਗ ਡਿਟੈਕਸ਼ਨ ਯਾਨੀ ਕਿ ਸੁਣਨ-ਸ਼ਕਤੀ ਦੀ ਜਾਂਚ
- ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਲਈ ਬ੍ਰੈਸਟਫੀਡਿੰਗ ਸੰਬੰਧੀ ਹਿਦਾਇਤਾਂ
- ਨੌਜਵਾਨਾਂ ਦੀ ਆਤਮਹੱਤਿਆ ਦੀ ਰੋਕਥਾਮ

ਵਾਸ਼ਿੰਗਟਨ ਰਾਜ ਦੀ ਵਿਧਾਨ ਸਭਾ ਨੇ ਵਿਸ਼ੇਸ਼ ਪ੍ਰੋਗਰਾਮ, ਨੀਤੀ, ਅਤੇ ਡਾਟਾ/ਨਿਗਰਾਨੀ ਖੇਤਰਾਂ ਵਿੱਚ ਵਿਲੱਖਣ ਸਰਕਾਰੀ ਜਨਤਕ ਸਿਹਤ ਸੇਵਾਵਾਂ ਦਾ ਸਮਰਥਨ ਕਰਨ ਲਈ Foundational Public Health Services (FPHS, ਬੁਨਿਆਦੀ ਜਨਤਕ ਸਿਹਤ ਸੇਵਾਵਾਂ) ਖਾਤੇ ਵਿੱਚ ਵੀ ਨਿਵੇਸ਼ ਕੀਤਾ ਹੈ। ਸਮੇਂ ਦੇ ਨਾਲ, ਰਾਜ ਅਤੇ ਸਥਾਨਕ ਪੱਧਰ 'ਤੇ ਸਰੋਤਾਂ ਦੀ ਵਰਤੋਂ ਹੋਰ ਖੇਤਰਾਂ ਦੇ ਨਾਲ-ਨਾਲ ਜੱਚਾ ਅਤੇ ਬੱਚਾ ਸੰਬੰਧੀ ਵਿਸ਼ੇਸ਼ ਸਿਹਤ ਸੇਵਾਵਾਂ, ਸੱਟ ਦੀ ਰੋਕਥਾਮ ਅਤੇ ਦੇਖਭਾਲ ਤੱਕ ਪਹੁੰਚ ਵਰਗੇ ਕੰਮ ਨੂੰ ਮਜ਼ਬੂਤਕਰੇਗੀ। ਸਰੋਤ, ਸੂਚਨਾ ਪ੍ਰਣਾਲੀਆਂ ਅਤੇ ਪ੍ਰਯੋਗਸ਼ਾਲਾ ਦੀ ਸਮਰੱਥਾ ਦਾ ਸਮਰਥਨ ਕਰਨ ਲਈ ਅਤੇ ਮੁਲਾਂਕਣ, ਸੰਚਾਰ, ਐਮਰਜੈਂਸੀ ਯੋਜਨਾ, ਨੀਤੀ ਅਤੇ ਯੋਜਨਾਬੰਦੀ, ਭਾਈਚਾਰਕ ਭਾਈਵਾਲੀ ਵਿਕਾਸ ਅਤੇ ਲੀਡਰਸ਼ਿਪ ਵਿਕਾਸ ਵਰਗੀਆਂ ਸਮਰੱਥਾਵਾਂ ਦਾ ਸਮਰਥਨ ਕਰਨ ਲਈ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ। ਰਾਜ ਵਿੱਚ FPHS MCH ਦੇ ਨਿਵੇਸ਼ ਦਾ ਜ਼ਿਆਦਾਤਰ ਹਿੱਸਾ ਸਥਾਨਕ ਸਰਕਾਰੀ ਜਨਤਕ ਸਿਹਤ ਨੂੰ ਸਮਰਪਿਤ ਹੈ, ਇਸ ਨਾਲ ਲੰਬੇ ਸਮੇਂ ਤੋਂ ਫੰਡ ਦੀ ਤੰਗੀ ਵਿੱਚੋਂ ਗੁਜਰ ਰਹੀਆਂ ਜਨਤਕ ਸਿਹਤ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਸਹਾਇਤਾ ਮਿਲੇਗੀ।

ਵੱਧ ਤੋਂ ਵੱਧ ਪ੍ਰਭਾਵ ਪਾਉਣ ਲਈ ਹੇਠ ਲਿਖੇ ਖੇਤਰਾਂ ਵਿੱਚ FPHS ਨਿਵੇਸ਼ ਦੇ ਨਾਲ ਟਾਈਟਲ V ਫੰਡਿੰਗ ਦਾ ਵੀ ਲਾਭ ਲਿਆ ਜਾ ਰਿਹਾ ਹੈ:

- ਰਾਜ ਵਿਆਪੀ ਬਾਲ ਮੌਤ ਦੇ ਅੰਕੜਿਆਂ ਨੂੰ ਇਕੱਤਰ ਕਰਨ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ, ਸਥਾਨਕ ਜਨਤਕ ਸਿਹਤ ਅਧਿਕਾਰ ਖੇਤਰਾਂ ਦੁਆਰਾ ਬਾਲ ਮੌਤ ਸੰਬੰਧੀ ਸਮੀਖਿਆਵਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨਾ ਅਤੇ ਰਾਜ ਦੇ ਕਾਨੂੰਨ ਦਾ ਆਧੁਨਿਕੀਕਰਨ ਕਰਨਾ।
- PRAMS ਦੀ ਮਦਦ ਨਾਲ ਜਣੇਪੇ ਅਤੇ ਜਨਮ ਦੇ ਨਤੀਜਿਆਂ ਅਤੇ ਜੱਚਾ/ਬੱਚੇ ਦੀ ਸਿਹਤ ਦੀ ਨਿਗਰਾਨੀ ਕਰਨਾ
- ਵਾਸ਼ਿੰਗਟਨ ਰਾਜ ਵਿੱਚ ਕਬਾਇਲੀ PRAMS ਲਈ ਯੋਜਨਾ ਬਣਾਉਣਾ

### III.A.3. MCH ਦੀ ਸਫਲਤਾ ਦੀ ਕਹਾਣੀ

ਸਾਡੇ ਰਾਜ ਵਿੱਚ LHJ ਭਾਈਵਾਲਾਂ ਨੇ ਆਪਣੇ MCH ਕੰਮ ਵਿੱਚ ਬਹੁਤ ਵਧੀਆ ਨਵੀਨਤਾ ਅਤੇ ਭਾਈਚਾਰਕ ਭਾਈਵਾਲੀ ਦਿਖਾਈ ਹੈ। 2022-23 ਦੇ ਸਮਝੌਤੇ ਵਾਲੇ ਸਾਲ ਵਿੱਚ, ਸਪੋਕੇਨ ਰੀਜ਼ਨਲ ਹੈਲਥ ਡਿਸਟ੍ਰਿਕਟ (SRHD) ਨੇ ਆਪਣੇ MCHBG ਕੰਮ ਦੇ ਇੱਕ ਹਿੱਸੇ ਨੂੰ Healthy Outcomes from Positive Experiences (HOPE, ਸਕਾਰਾਤਮਕ ਅਨੁਭਵਾਂ ਤੋਂ ਸਿਹਤਮੰਦ ਨਤੀਜਿਆਂ) 'ਤੇ ਕੇਂਦਰਿਤ ਕੀਤਾ ਸੀ। Tufts ਯੂਨੀਵਰਸਿਟੀ ਦੁਆਰਾ ਵਿਕਸਿਤ ਕੀਤਾ ਗਿਆ HOPE ਮਾਡਲ, ਇਸ ਵਿਚਾਰ ਦੇ ਉੱਤੇ ਬਣਾਇਆ ਗਿਆ ਹੈ ਕਿ ਸਕਾਰਾਤਮਕ ਅਨੁਭਵ ਨਾਲ ਬੱਚਿਆਂ ਵਿੱਚ ਮੁੜ ਉੱਭਰਨ ਦੀ ਸ਼ਕਤੀ ਪੈਦਾ ਕਰਨ ਅਤੇ ਸਿਹਤਮੰਦ ਬਾਲਗ ਬਣਨ ਵਿੱਚ ਮਦਦ ਮਿਲ ਸਕਦੀ ਹੈ। HOPE ਚਾਰ "ਨਿਰਮਾਣ ਥੰਮ੍ਹਾ" 'ਤੇ ਅਧਾਰਤ ਹੈ ਜੋ ਸਿਹਤਮੰਦ ਬਚਪਨ ਦੇ ਵਿਕਾਸ ਲਈ ਨੀਂਹ ਦਾ ਕੰਮ ਕਰਦੇ ਹਨ: ਰਿਸ਼ਤੇ; ਸੁਰੱਖਿਅਤ, ਬਰਾਬਰੀ ਵਾਲਾ, ਸਥਿਰ ਮਾਹੌਲ; ਸਮਾਜਿਕ ਅਤੇ ਨਾਗਰਿਕ ਸ਼ਮੂਲੀਅਤ; ਅਤੇ ਭਾਵਨਾਤਮਕ ਵਿਕਾਸ।

SRHD ਸਟਾਫ ਨੇ HOPE ਦੇ ਨਿਰਮਾਣ ਥੰਮ੍ਹਾ ਬਾਰੇ ਗਿਆਨ ਵਧਾਉਣ ਅਤੇ ਉਹਨਾਂ ਨੂੰ ਧਿਆਨ ਵਿੱਚ ਰੱਕ ਕੇ ਨਿਵੇਸ਼ ਕਰਨ ਲਈ ਵੱਖ-ਵੱਖ ਖੇਤਰਾਂ ਦੇ ਭਾਈਵਾਲਾਂ ਨਾਲ ਰਣਨੀਤਕ ਸ਼ਮੂਲੀਅਤ ਅਤੇ ਸਿਖਲਾਈ 'ਤੇ ਧਿਆਨ ਕੇਂਦਰਿਤ ਕੀਤਾ ਹੈ। ਇਸ ਕੰਮ ਦਾ ਲੰਮੀ ਮਿਆਦ ਦਾ ਉਦੇਸ਼ ਇੱਕ ਅਜਿਹੇ ਭਾਈਚਾਰੇ ਦਾ ਨਿਰਮਾਣ ਕਰਨਾ ਹੈ ਜੋ ਨੀਤੀ, ਪ੍ਰਣਾਲੀਆਂ ਅਤੇ ਵਾਤਾਵਰਨ ਤਬਦੀਲੀਆਂ ਰਾਹੀਂ ਮੁੜ ਉੱਭਰਨ ਦੀ ਯੋਗਤਾ ਬਣਾਉਣ ਲਈ ਵਚਨਬੱਧ ਹੈ। ਸਮਾਨਤਾ HOPE ਫਰੇਮਵਰਕ ਦਾ ਇੱਕ ਅਨਿੱਖੜਵਾਂ ਅੰਗ ਹੈ। ਨਸਲਵਾਦ ਅਤੇ ਪੱਖਪਾਤ ਦੇ ਹੋਰ ਰੂਪ ਅਜਿਹੀਆਂ ਰੁਕਾਵਟਾਂ ਪੈਦਾ ਕਰ ਸਕਦੇ ਹਨ ਜੋ ਬੱਚਿਆਂ ਲਈ HOPE ਦੇ ਨਿਰਮਾਣ ਥੰਮ੍ਹਾ ਤੱਕ ਪਹੁੰਚ ਕਰਨਾ ਚੁਣੌਤੀਪੂਰਨ ਬਣਾ ਦਿੰਦੇ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, SRHD ਸਟਾਫ ਨੇ ਜਾਣਬੁੱਝ ਕੇ ਉਹਨਾਂ ਸੰਸਥਾਵਾਂ ਨਾਲ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਇਤਿਹਾਸਕ ਤੌਰ 'ਤੇ ਉਹਨਾਂ ਭਾਈਚਾਰਿਆਂ ਨੂੰ ਸੇਵਾ ਪ੍ਰਦਾਨ ਕਰਦੇ ਹਨ ਜਿਹਨਾਂ ਦੀ ਸਾਡਾ ਸਮਾਜ ਕਦਰ ਨਹੀਂ ਕਰਦਾ ਹੈ। SRHD ਦੇ ਕੁਝ ਬੁਨਿਆਦੀ ਕੰਮਾਂ ਵਿੱਚ ਬਿਨਾਂ ਕਿਸੇ ਖਾਸ ਬੇਨਤੀ ਦੇ ਕਮਿਊਨਿਟੀ ਦੇ ਇਵੈਂਟਾਂ ਅਤੇ ਮੀਟਿੰਗਾਂ ਵਿੱਚ ਸ਼ਾਮਲ ਹੋਣਾ ਸ਼ਾਮਲ ਹੈ, ਪਰ ਇਸਦਾ ਉਦੇਸ਼ ਸਿਰਫ਼ ਪਾਰਟਨਰਸ਼ਿਪ ਨੂੰ ਮਜ਼ਬੂਤ ਬਣਾਉਣਾ ਹੈ। ਜਿਵੇਂ-ਜਿਵੇਂ ਭਰੋਸਾ ਵਧਦਾ ਗਿਆ, ਉਵੇਂ ਹੀ HOPE ਫਰੇਮਵਰਕ ਦੇ ਲਈ ਦਿਲਚਸਪੀ ਅਤੇ ਇਸਨੂੰ ਅਪਣਾਉਣ ਦੀ ਗਤੀਵਿਧੀ ਦੀ ਵਧਦੀ ਹੈ। ਸਾਲ ਦੀਆਂ ਕੁਝ ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਸਟਾਫ ਨੇ ਬਲੈਕ ਭਾਈਚਾਰੇ ਦੇ ਜਨਮ ਦੇਣ ਵਾਲੇ ਲੋਕਾਂ ਦੀਆਂ ਲੋੜਾਂ ਵੱਲ ਧਿਆਨ ਦੇਣ ਵਾਲੀ ਸੰਸਥਾ Shades of Motherhood Network ਦੇ ਬਲੈਕ ਡੌਲਸ ਨੂੰ ਸਿਖਲਾਈ ਦਿੱਤੀ ਸੀ। ਇਹ ਸਿਖਲਾਈ ਜਨਮ ਦੇਣ ਵਾਲੇ ਲੋਕਾਂ ਅਤੇ ਪਰਿਵਾਰਾਂ ਲਈ ਸਦਮੇ ਨਾਲ ਸੰਬੰਧਿਤ ਸਹਾਇਤਾ ਨੂੰ ਮਜ਼ਬੂਤਕਰਨ ਲਈ HOPE ਫਰੇਮਵਰਕ ਦੀ ਵਰਤੋਂ ਕਰਨ 'ਤੇ ਕੇਂਦਰਿਤ ਸੀ। ਸਟਾਫ਼ ਨੇ ਬਲੈਕ ਮੈਟਰਨਲ ਹੈਲਥ ਕਾਨਫਰੰਸ ਵਿੱਚ ਵੀ ਸ਼ਿਰਕਤ ਕੀਤੀ ਸੀ ਅਤੇ ਹੋਰ ਭਾਈਚਾਰਕ ਭਾਈਵਾਲਾਂ ਨਾਲ ਮੁਲਾਕਾਤ ਕੀਤੀ ਸੀ।
- ਇੱਕ ਸਥਾਨਕ ਹਸਪਤਾਲ ਨੇ ਆਪਣੇ ਸਟਾਫ ਦੇ ਲਈ ਸਿਹਤ ਸੰਬੰਧੀ ਸਮਾਨਤਾ, ਨਸਲਵਾਦ-ਵਿਰੋਧੀ ਅਤੇ ਸਦਮੇ ਨਾਲ ਸੰਬੰਧਿਤ, ਵਿਅਕਤੀ-ਕੇਂਦਰਿਤ ਦੇਖਭਾਲ ਵਿੱਚ ਪੇਸ਼ੇਵਰ ਵਿਕਾਸ ਦੀ ਲੋੜ ਜ਼ਾਹਰ ਕੀਤੀ ਸੀ। ਇਹ ਸਨਮਾਨਜਨਕ ਜਣੇਪਾ ਦੇਖਭਾਲ ਫਰੇਮਵਰਕ ਨੂੰ ਲਾਗੂ ਕਰਨ ਦੇ ਇੱਕ ਵੱਡੇ ਟੀਚੇ ਨਾਲ ਸੀ। SRHD ਸਟਾਫ ਨੇ ਉਹਨਾਂ ਦੀਆਂ ਲੋੜਾਂ ਅਨੁਸਾਰ ਇੱਕ HOPE ਪ੍ਰੈਜਨਟੇਸ਼ਨ ਤਿਆਰ ਕੀਤੀ ਸੀ। ਸੰਸਥਾ ਨੇ HOPE ਫਰੇਮਵਰਕ ਦੀ ਵਰਤੋਂ ਕਰਕੇ ਅੰਦਰੂਨੀ ਨੀਤੀਆਂ, ਅਭਿਆਸਾਂ ਅਤੇ ਸੱਭਿਆਚਾਰ ਦੀ ਜਾਂਚ ਕਰਕੇ ਉਹਨਾਂ ਨੂੰ ਤਕਨੀਕੀ ਸਹਾਇਤਾ ਵੀ ਪ੍ਰਦਾਨ ਕੀਤੀ ਸੀ।
- HOPE ਸਦਮੇ ਨਾਲ ਸੰਬੰਧਿਤ ਦੇਖਭਾਲ ਲਈ ਕਿਵੇਂ ਸਹਾਇਤਾ ਪ੍ਰਦਾਨ ਕਰ ਸਕਦਾ ਹੈ, ਇਸ ਬਾਰੇ ਚਰਚਾ ਕਰਨ ਲਈ ਸਟਾਫ ਨੇ Muslims for Community Action and Support (MCAS, ਮੁਸਲਿਮ ਫ਼ਾਰ ਕਮਿਊਨਿਟੀ ਐਕਸ਼ਨ ਐਂਡ ਸਪੋਰਟ) ਨਾਲ ਮੁਢਲੀ ਮੀਟਿੰਗਾਂ ਕੀਤੀਆਂ ਸਨ। ਸਟਾਫ ਨੇ ਅਫਗਾਨ ਭਾਈਚਾਰੇ ਦੇ ਇੱਕ ਕਮਿਊਨਿਟੀ ਹੈਲਥ ਵਰਕਰ ਨਾਲ ਵੀ ਮੁਲਾਕਾਤ ਕੀਤੀ ਅਤੇ ਭਵਿੱਖ ਵਿੱਚ ਸਹਿਯੋਗ ਬਾਰੇ ਚਰਚਾ ਕੀਤੀ ਸੀ।
- ਸਟਾਫ ਨੇ SRHD ਦੇ ਨਰਸ ਫੈਮਿਲੀ ਪਾਰਟਨਰਸ਼ਿਪ ਪ੍ਰੋਗਰਾਮ ਦੇ ਅਭਿਆਸਾਂ, ਨੀਤੀਆਂ ਅਤੇ ਦੇਖਭਾਲ ਦੇ ਮਿਆਰਾਂ ਦਾ ਮੁਲਾਂਕਣ ਕਰਨ ਲਈ ਅੰਦਰੂਨੀ ਤੌਰ 'ਤੇ ਕੰਮ ਕੀਤਾ ਸੀ।
- ਸਟਾਫ ਨੇ ਨਵੇਂ ਇੰਡੀਜੀਨੀਅਸ ਬਰਥ ਜਸਟਿਸ ਸੈਂਟਰ ਨਾਲ ਪਾਰਟਨਰਸ਼ਿਪ ਦੀ ਸ਼ੁਰੂਆਤ ਕੀਤੀ।

SRHD ਸਟਾਫ ਨੇ ਪੂਰੀ ਕਾਉਂਟੀ ਵਿੱਚ ਭਾਈਵਾਲਾਂ ਦਾ ਇੱਕ ਸਮੂਹ ਬਣਾਉਣ ਦਾ ਵੀ ਉਪਰਾਲਾ ਕੀਤਾ ਹੈ ਜੋ ਗਰਭਵਤੀ ਔਰਤਾਂ ਅਤੇ 0-5 ਸਾਲ ਦੀ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਨਾਲ ਕੰਮ ਕਰਦੇ ਹਨ। ਇਸ ਸਮੂਹ ਦਾ ਟੀਚਾ ਮੌਜੂਦਾ ਨੀਤੀਆਂ ਅਤੇ ਅਭਿਆਸਾਂ ਦਾ ਮੁਲਾਂਕਣ ਕਰਨਾ ਹੈ ਜੋ HOPE ਨੂੰ ਉਤਸ਼ਾਹਿਤ ਕਰਦੇ ਹਨ ਅਤੇ ਛੋਟੇ ਬੱਚਿਆਂ ਵਾਲੇ ਪਰਿਵਾਰਾਂ ਵਿੱਚ ਮੁੜ ਉੱਭਰਨ ਦੀ ਯੋਗਤਾ ਪੈਦਾ ਕਰਦੇ ਹਨ। ਇਸ ਕੰਮ ਰਾਹੀਂ, SRHD ਸਟਾਫ ਨੇ Our Kids: Our Business (ਅਵਰ ਕਿਡਜ਼: ਅਵਰ ਬਿਜ਼ਨੈਸ) ਬਾਲ ਦੁਰਵਿਹਾਰ ਰੋਕਥਾਮ ਗਠਜੋੜ ਦੇ ਨਾਲ ਮਿਲ ਕੇ ਪੂਰੇ ਭਾਈਚਾਰੇ ਲਈ HOPE ਇਵੈਂਟ ਦੀ ਯੋਜਨਾ ਬਣਾਈ ਸੀ, ਜਿਸ ਵਿੱਚ 100 ਤੋਂ ਵੱਧ ਲੋਕਾਂ ਨੇ ਭਾਗ ਲਿਆ ਸੀ।